ISSN 2771-3520

# Sikh Research Journal

**Vol. 6 No. 1**

This article is from *Sikh Research Journal*, the online peer-reviewed journal of Sikh and Punjabi Studies *

Sikh Research Journal *Vol. 6. No. 1. Published: Spring 2021

http://sikhresearchjournal.org

http://sikhfoundation.org

# Refusing to Be an Exception Anymore: Women in the Farmers' Protest

**Navkiran Kaur Natt**

There has been much written about the farmer's protest from various perspectives, and gender is one of them. In this piece, I am going to delineate that perspective with a premise that this protest is not solely a farmer protest, but a mass movement led by farmers. Historically, women's labour has not been recognized in any sphere, whether domestic, workspace or in public life. The galaxy of outstanding women in these spaces has broken many barriers and paved a way to snatch their due recognition, but the social structure has at most remembered them as exceptions. There is no material ground to do so, besides patriarchal bias, which always looks at them as an exception. Women make up more than half of the agrarian workforce, and if we include animal husbandry, they outnumber men significantly.

Beyond this, what about women who are, let's say, not from farming families? In Indian households, running the kitchen has been a women's job and the essential commodities act amendment, along with increasing fuel prices, endanger the already-squeezed budget of the majority of the people. It is not just a question of short or prolonged inflation, but of long run deregulation; hence, freeing the government from any possible political, or to be precise, electoral repercussion. This altogether makes a case that everyone is going to be affected invariably by these laws, and as social structure goes, women will have to shoulder the bigger share of this burden, even in non-farming families.

Like landless labourers and workers, women are also present in large numbers in the protest, but even more of them are back home, taking care of the everyday work at home and in fields, so that, unfortunately, relatively more men could be at the protest sites. Women's absence has to be read structurally, not merely by numbers there. Even their absence is facilitating the mobilization, it is not an endorsement but acceptance of rather sad reality.

Looking at the protests from this perspective, along with the farmer leaders like Kavita Kuruganti, Jasbir Kaur Nat, Sukhwinder Kaur and Harinder Kaur Bindu, or workers' leader Nodeep Kaur, who has a long history of organizing and protesting on issues of farmers, laborers, Dalits and women's rights, gives us a sense of women's stake, as well as their participation in this mass

movement. Their recognition as prominent leaders has only made the movement more credible and more reflective of the farming workforce. These leaders have been on the streets, and some even in the jail numerous times, long before this historic struggle started. In fact, they are the building blocks of one of the biggest ever protests in recorded history. As the long history of peasant organizing informs us, there are no overnight leaders, it is just the media and outside world that could no longer ignore them anymore.

I have personally witnessed the hard-fought struggles led by union farmer issues for decades, and my own engagement with various people's movements in the last 15 years has shown that there is no way forward but struggle -- as woman, as landless, as farmer, as Dalit and as worker -- there is no alternative. It is such a historical juncture that gives us a validation to our long-hold belief that one day people will realize and take up these issues. There are many everyday activities that we see that give us glimpses of gender-equal futures. Men cooking is a rare thing but even rarer is their conversation about it that, even momentary, recognizes the domestic labor and their apathy towards it. A man, while cooking says to another, "*Veere,* I used to go home at odd hours and wake up my sleeping wife to demand that she make a meal for five people. It didn't seem hard then. Now I know what it means to cook for five." It goes beyond photo-ops.

When the Chief Justice of India remarked on women being "kept" at protest sites, it was just a brute reminder of patriarchy which resonates equally from a faraway countryside field to the echelon of Supreme Court. The temporary settlements at different protest sites tell a story the patriarchy has been afraid to hear and see. Women's presence there – in leadership, in logistics, in mobilization, in singing and sloganeering, in addressing media, running libraries and schools, in producing newsletters, and more, with an ease. The women refuse to be an exception here. That is the story that rattles the status quo of existing institutions. One such story is of Akbari, who has walked for 11 days, from Bathinda, Punjab to the Tikri protest site at the Haryana-Delhi border, in solidarity with the movement. Though landless, Akbari said that when the land is taken over by the corporates, their dream of owning land will also be snatched. She echoes the strong sentiment which puzzles many. The landless, however hard it seems, still sees their present condition as better than corporate takeover. It is this and many similar apprehensions that led to such mass mobilization.

Nodeep Kaur, a labor activist from Mazdoor Kisan Sangathan has been protesting for workers' wages near the Singhu protest site at Delhi's northern border with Haryana, when she was arrested in January and she is still behind

bars, facing custodial violence. The movements are an important juncture to also recognize people like Nodeep, who have been silently fighting for people's rights when no media or common people were around to see and support them, except the State hounding them. It has to become part of our consciousness to recognize these battles that slowly build bigger movements.

Beyond this, I have been at the protest since day one, and along with a few young people, we started a newsletter *Trolley Times* that has established itself as one of the most reliable sources of ground reporting and updates about the movement across the world. Our editorial team has always made sure that the intersectionality of the participants is reflected in our coverage, whether its gender, caste, class or region. In a way, women are not waiting for a platform, but creating platforms, not for self but for the whole movement. They are not separate from the movement, they are the movement.

This movement is giving us a historic opportunity to recognize women farmers, a long due demand, and if a mass movement such as this can achieve this successfully, it can be emulated in other spheres as well. Also, this movement seeks to recognize the gender disparity in domestic and farming labor with a dual strategy of equal work distribution, equal pay, and land rights, as well as the due recognition. If the movement demands this sincerely, then yes it is a revolution in making!

**Bio-note:**
Navkiran Natt is a student-youth activist and researcher who works between Punjab and Delhi. She is trained as a dentist and later completed her Masters in Film Studies from Ambedkar University, Delhi. She works on transnational Punjabi migration and its reflections in Punjabi popular culture. She also did a podcast series on the health implications of the Green Revolution in Punjab.

**Editors' Note:**
See also: From Dentist to Activist: Meet a Tenacious Woman Protesting at Tikri Border, by Rohit Kumar, March 12, 2021.
(https://thewire.in/rights/navkiran-natt-dentist-activist-farmers-protest-tikri-border)

A Punjabi translation of the article follows on the next page.

## ਕਿਸਾਨ ਅੰਦੋਲਨ ਵਿੱਚ ਮਹਿਜ਼ ਅਪਵਾਦ ਨਹੀਂ ਹੈ ਔਰਤਾਂ ਦੀ ਹਿੱਸੇਦਾਰੀ

ਕਿਸਾਨ ਸੰਘਰਸ਼ ਵਿੱਚ ਵੱਖ-ਵੱਖ ਮੁੱਦਿਆਂ 'ਤੇ ਬਹੁਤ ਕੁਝ ਲਿਖਿਆ ਗਿਆ ਹੈ ਅਤੇ ਲਿੰਗ ਪਾੜਾ ਉਨ੍ਹਾਂ ਵਿਚੋਂ ਇੱਕ ਹੈ। ਇਸ ਲੇਖ ਦੇ ਜ਼ਰੀਏ ਮੈਂ ਦੱਸਣਾ ਚਾਹੁੰਦੀ ਹਾਂ ਕਿ ਇਹ ਮਹਿਜ਼ ਕਿਸਾਨੀ ਵਿਰੋਧ ਨਹੀਂ, ਬਲਕਿ ਕਿਸਾਨਾਂ ਦੀ ਅਗਵਾਈ ਵਿੱਚ ਇੱਕ ਵਿਸ਼ਾਲ ਲਹਿਰ ਹੈ। ਇਤਿਹਾਸ ਵਿੱਚ ਔਰਤਾਂ ਦੀ ਕਿਰਤ ਨੂੰ ਮਾਨਤਾ ਨਹੀਂ ਦਿੱਤੀ ਗਈ ਚਾਹੇ ਉਹ ਘਰੇਲੂ ਹੋਵੇ, ਕੰਮ ਦੀ ਥਾਂ 'ਤੇ ਹੋਵੇ ਅਤੇ ਜਾਂ ਫਿਰ ਜਨਤਕ ਜੀਵਨ ਵਿੱਚ। ਭਾਵੇਂ ਸਿਰੜੀ ਔਰਤਾਂ ਨੇ ਆਪਣੇ ਪੈਰਾਂ ਦੀਆਂ ਜੰਜ਼ੀਰਾਂ ਤੋੜ ਕੇ ਸਮਾਜ ਵਿੱਚ ਆਪਣੀ ਇੱਕ ਖ਼ਾਸ ਪਹਿਚਾਣ ਸਥਾਪਿਤ ਕੀਤੀ ਹੈ ਪਰ ਸਮਾਜਿਕ ਢਾਂਚੇ ਨੇ ਉਨ੍ਹਾਂ ਨੂੰ ਅਪਵਾਦ ਵਜੋਂ ਯਾਦ ਕੀਤਾ ਹੈ। ਅਜਿਹਾ ਕਦੇ ਕਿਸੇ ਪਦਾਰਥਕ ਅਧਾਰ ਕਰਕੇ ਨਹੀਂ ਹੋਇਆ ਬਲਕਿ ਪਿੱਤਰਵਾਦੀ ਸੋਚ ਕਰਕੇ ਹੀ ਹੁੰਦਾ ਆ ਰਿਹਾ ਹੈ। ਔਰਤਾਂ ਕਿਰਸਾਣੀ ਵਿੱਚ ਮਰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਦੀਆਂ ਹਨ ਅਤੇ ਜੇ ਅਸੀਂ ਪਸ਼ੂ ਪਾਲਣ ਦੇ ਕੰਮ ਨੂੰ ਵੀ ਸ਼ਾਮਲ ਲਈਏ ਤਾਂ ਉਹ ਕਿਰਤ ਵਿੱਚ ਮਰਦਾਂ ਨੂੰ ਵੀ ਪਛਾੜਦੀਆਂ ਹਨ।

ਇਸ ਤੋਂ ਇਲਾਵਾ, ਉਨ੍ਹਾਂ ਔਰਤਾਂ ਬਾਰੇ ਕੀ ਜੋ ਕਿਸਾਨੀ ਪਰਿਵਾਰਾਂ ਵਿੱਚੋਂ ਨਹੀਂ? ਭਾਰਤੀ ਘਰਾਂ ਵਿੱਚ ਔਰਤਾਂ ਨੂੰ ਆਮ ਕਰਕੇ ਸਿਰਫ਼ ਰਸੋਈ ਤੱਕ ਹੀ ਸੀਮਿਤ ਰੱਖਿਆ ਜਾਂਦਾ ਹੈ ਅਤੇ ਨਵੇਂ ਪਾਸ ਕੀਤੇ ਜ਼ਰੂਰੀ ਵਸਤਾਂ ਸਬੰਧੀ ਕਾਨੂੰਨ ਅਤੇ ਨਾਲ ਹੀ ਲਗਾਤਾਰ ਵੱਧ ਰਹੀਆਂ ਤੇਲ-ਗੈਸ ਦੀਆਂ ਕੀਮਤਾਂ ਨੇ ਇਹਨਾਂ ਹੀ ਰਸੋਈਆਂ ਦੇ ਪਹਿਲਾਂ ਤੋਂ ਲਗਾਤਾਰ ਘੱਟ ਹੁੰਦੇ ਆ ਰਹੇ ਬਜਟ ਲਈ ਵੀ ਨਵਾਂ ਖ਼ਤਰਾ ਖੜਾ ਕਰ ਦਿੱਤਾ ਹੈ। ਇਹ ਸਿਰਫ ਥੋੜੇ ਜਾਂ ਲੰਬੇ ਸਮੇਂ ਦੀ ਮਹਿੰਗਾਈ ਦਾ ਸਵਾਲ ਨਹੀਂ, ਬਲਕਿ ਅਨਿਯਮਿਤਤਾ ਦਾ ਸਵਾਲ ਹੈ, ਜੋ ਸਰਕਾਰ ਨੂੰ ਕਿਸੇ ਵੀ ਸੰਭਾਵਿਤ ਰਾਜਨੀਤਿਕ ਜਾਂ ਚੋਣ ਨਤੀਜਿਆਂ ਤੋਂ ਅਜ਼ਾਦ ਕਰਦਾ ਹੈ। ਇਸ ਤੋਂ ਕੁੱਲ ਮਿਲਾ ਕੇ ਇਹ ਪਤਾ ਲੱਗਦਾ ਹੈ ਕਿ ਇੰਨਾਂ ਕਾਨੂੰਨਾਂ ਤੋਂ ਹਰ ਕੋਈ ਪ੍ਰਭਾਵਿਤ ਹੋਵੇਗਾ, ਅਤੇ ਚਲੰਤ ਸਮਾਜਿਕ ਢਾਂਚੇ ਦੇ ਮੁਤਾਬਕ ਇਸ ਬੋਝ ਦਾ ਵੱਡਾ ਹਿੱਸਾ ਔਰਤਾਂ ਨੂੰ ਚੁੱਕਣਾ ਪਵੇਗਾ, ਭਾਵੇਂ ਉਹ ਗ਼ੈਰ-ਕਿਸਾਨੀ ਪਰਿਵਾਰਾਂ ਵਿੱਚੋਂ ਹੋਣ।

ਬੇਜ਼ਮੀਨੇ ਮਜ਼ਦੂਰਾਂ ਵਾਂਗ, ਔਰਤਾਂ ਵੀ ਵੱਡੀ ਗਿਣਤੀ ਵਿਚ ਇਸ ਸੰਘਰਸ਼ ਵਿੱਚ ਮੌਜੂਦ ਹਨ ਪਰ ਓਸ ਤੋਂ ਵੀ ਵੱਧ ਗਿਣਤੀ ਵਿੱਚ ਔਰਤਾਂ ਪਿੱਛੇ ਘਰ-ਬਾਰ, ਖੇਤ ਅਤੇ ਰੋਜ਼-ਮੱਰਾ ਦੇ ਕੰਮ ਸੰਭਾਲ਼ ਰਹੀਆਂ ਹਨ; ਜਿਸ ਕਰਕੇ ਤੁਲਨਾਤਮਕ ਤੌਰ 'ਤੇ ਵਧੇਰੀ ਗਿਣਤੀ ਵਿੱਚ ਆਦਮੀ ਇਸ ਸੰਘਰਸ਼ ਵਿੱਚ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਦੀ ਗੈਰਹਾਜ਼ਰੀ ਨੂੰ ਸਾਨੂੰ ਮਹਿਜ਼ ਅੰਕੜਿਆਂ ਵਿੱਚ ਨਾ ਦੇਖ ਕੇ, ਸਮਾਜਿਕ ਸੰਦਰਭ ਦੇ ਪਰਿਪੇਖ ਵਿੱਚ ਦੇਖਣਾ ਚਾਹੀਦਾ ਹੈ। ਉਨ੍ਹਾਂ ਦੀ ਗੈਰ ਹਾਜ਼ਰੀ ਵੀ ਲਾਮਬੰਦੀ ਵਿੱਚ ਵੱਡਾ ਯੋਗਦਾਨ ਦੇ ਰਹੀ ਹੈ ਅਤੇ ਇਹ ਵਧਾਵਾ ਦੇਣ ਵਾਲੀ ਗੱਲ ਨਹੀਂ ਬਲਕਿ ਇਕ ਦੁੱਖਦ ਹਕੀਕਤ ਦੀ ਸਵੀਕ੍ਰਿਤੀ ਹੈ।

ਜੇਕਰ ਅਸੀਂ ਇਸ ਪਰਿਪੇਖ ਨਾਲ ਦੇਖੀਏ ਤਾਂ, ਕਵੀਤਾ ਕੁਰੂਗੰਤੀ, ਜਸਬੀਰ ਕੌਰ ਨੱਤ, ਸੁਖਵਿੰਦਰ ਕੌਰ ਅਤੇ ਹਰਿੰਦਰ ਕੌਰ ਬਿੰਦੂ ਵਰਗੇ ਕਿਸਾਨ ਆਗੂਆਂ ਜਾਂ ਮਜ਼ਦੂਰਾਂ ਦੀ ਆਗੂ ਨੋਦੀਪ ਕੌਰ, ਜਿਨ੍ਹਾਂ ਦਾ ਕਿਸਾਨਾਂ, ਮਜ਼ਦੂਰਾਂ, ਦਲਿਤਾਂ ਅਤੇ ਔਰਤਾਂ ਦੇ ਅਧਿਕਾਰਾਂ ਦੇ ਮੁੱਦਿਆਂ 'ਤੇ ਲੋਕਾਂ ਨੂੰ ਸੰਗਠਿਤ ਕਰਨ ਅਤੇ ਅੰਦੋਲਨ ਕਰਨ ਵਿੱਢਣ ਦਾ ਲੰਮਾ ਇਤਿਹਾਸ ਰਿਹਾ ਹੈ, ਸਾਨੂੰ ਇਸ ਜਨ ਅੰਦੋਲਨ ਵਿਚ ਔਰਤਾਂ ਦਾਵੇਦਾਰੀ ਅਤੇ ਉਹਨਾਂ ਦੀ ਹਿੱਸੇਦਾਰੀ ਦਾ ਅਹਿਸਾਸ ਹੋਵੇਗਾ। ਪ੍ਰਮੁੱਖ ਨੇਤਾਵਾਂ ਵਜੋਂ ਉਨ੍ਹਾਂ ਨੂੰ ਮਿਲੀ ਮਾਨਤਾ ਨੇ ਇਸ ਅੰਦੋਲਨ ਨੂੰ ਵਧੇਰੇ ਭਰੋਸੇਯੋਗ ਤਾਂ ਬਣਾਇਆ ਹੀ ਹੈ, ਨਾਲ ਹੀ ਖੇਤੀ ਦੇ ਕੰਮ 'ਚ ਲੱਗੀ ਕੁੱਲ ਕਿਰਤ ਦਾ ਅਸਲੀ ਪ੍ਰਤੀਬਿੰਬ ਵੀ ਪੇਸ਼ ਕੀਤਾ ਹੈ। ਇਹ ਆਗੂ ਇਸ ਇਤਿਹਾਸਕ ਸੰਘਰਸ਼ ਆਰੰਭ ਹੋਣ ਤੋਂ ਬਹੁਤ ਪਹਿਲਾਂ ਤੋਂ ਕਈ ਵਾਰ ਆਪਣੇ ਹੱਕਾਂ ਲਈ ਸੜਕਾਂ ਤੇ ਆਏ ਹਨ ਅਤੇ ਕਈ ਵਾਰ ਜੇਲ੍ਹ ਵਿੱਚ ਵੀ ਰਹੇ ਹਨ। ਇਥੋਂ ਤੱਕ ਕਿ ਇਹ ਅੱਜ ਤੱਕ ਦੇ ਲਿਖਿਤ ਇਤਿਹਾਸ ਦੇ ਸਭ ਤੋਂ ਵੱਡੇ ਅੰਦੋਲਨ ਦੇ ਢਾਂਚੇ ਦੇ ਮੁੱਖ ਅੰਗ ਪੱਥਰ ਹਨ। ਕਿਸਾਨ-ਮਜ਼ਦੂਰ ਸੰਘਰਸ਼ਾਂ ਦੇ ਲੰਮੇ ਇਤਿਹਾਸ ਵਾਂਗ, ਇਹਨਾਂ ਵਿੱਚੋਂ ਕੋਈ ਵੀ ਰਾਤੋ ਰਾਤ ਆਗੂ ਨਹੀਂ

ਹੁੰਦਾ, ਹੁਣ ਤਾਂ ਸਿਰਫ਼ ਇੰਨਾ ਹੈ ਕਿ ਮੀਡੀਆ ਅਤੇ ਬਾਹਰੀ ਅਵਾਮ ਇਹਨਾਂ ਨੂੰ ਹੋਰ ਨਜ਼ਰ ਅੰਦਾਜ਼ ਨਹੀਂ ਕਰ ਸਕਦੀ।

ਮੈਂ ਨਿੱਜੀ ਤੌਰ 'ਤੇ ਕਿਸਾਨ ਯੂਨੀਅਨਾਂ ਦੁਆਰਾ ਪਿਛਲੇ ਕਈ ਦਹਾਕਿਆਂ ਤੋਂ ਲੜੇ ਜਾ ਰਹੇ ਕਿਸਾਨੀ ਸੰਘਰਸ਼ਾਂ ਨੂੰ ਨੇੜਿਓਂ ਵੇਖਿਆ ਹੈ ਅਤੇ ਪਿਛਲੇ 15 ਸਾਲਾਂ ਦੌਰਾਨ ਵੱਖ-ਵੱਖ ਲੋਕਾਂ ਦੀਆਂ ਲਹਿਰਾਂ ਨਾਲ ਮੇਰੀ ਆਪਣੀ ਸਾਂਝ ਨੇ ਇਹ ਦਰਸ਼ਾਇਆ ਹੈ ਕਿ ਆਮ ਲੋਕਾਂ ਕੋਲ ਸੰਘਰਸ਼ ਕਰਨ ਬਾਜੋਂ ਹੋਰ ਕੋਈ ਦੂਜਾ ਰਾਹ ਨਹੀਂ ਹੈ, ਭਾਵੇਂ ਉਹ ਇਕ ਔਰਤ ਹੈ, ਇੱਕ ਭੂਮੀਹੀਣ ਮਜ਼ਦੂਰ, ਕਿਸਾਨ, ਦਲਿਤ, ਜਾਂ ਕੋਈ ਵੀ ਕਿਰਤੀ; ਕਿਸੇ ਕੋਲ ਕੋਈ ਦੂਜਾ ਵਿਕਲਪ ਨਹੀਂ। ਇਹ ਅਜਿਹਾ ਇਤਿਹਾਸਕ ਮੌਕਾ ਹੈ ਜੋ ਸਾਡੇ ਲੰਬੇ ਸਮੇਂ ਤੋਂ ਕੀਤੇ ਜਾ ਰਹੇ ਵਿਸ਼ਵਾਸ ਨੂੰ ਪ੍ਰਮਾਣਿਕਤਾ ਪ੍ਰਦਾਨ ਕਰਦਾ ਹੈ ਕਿ ਇੱਕ ਦਿਨ ਲੋਕ ਆਪਣੇ ਹੱਕਾਂ ਦੀ ਹੋ ਰਹੀ ਲੁੱਟ ਨੂੰ ਮਹਿਸੂਸ ਕਰਨਗੇ ਅਤੇ ਉਸਦੇ ਖਿਲਾਫ਼ ਉੱਠ ਖੜੇ ਹੋਣਗੇ। ਕਿਸਾਨ ਅੰਦੋਲਨ ਦੇ ਅੰਦਰ ਰੋਜ਼ਾਨਾ ਦੀਆਂ ਬਹੁਤ ਸਾਰੀਆਂ ਗਤੀਵਿਧੀਆਂ ਵੇਖਣ ਨੂੰ ਮਿਲਦੀਆਂ ਹਨ ਜਿਸ ਤੋਂ ਸਾਨੂੰ ਇੱਕ ਲਿੰਗ ਬਰਾਬਰ ਭਵਿੱਖ ਦੀ ਝਲਕ ਨਜ਼ਰ ਆਉਂਦੀ ਹੈ। ਆਦਮੀਆਂ ਦਾ ਖਾਣਾ ਪਕਾਉਣਾ ਸਾਡੇ ਦੇਸ ਵਿੱਚ ਘੱਟ ਹੀ ਦੇਖਣ ਨੂੰ ਮਿਲਦਾ ਹੈ ਪਰ ਉਸ ਤੋਂ ਵੀ ਘੱਟ ਦੇਖਣ ਨੂੰ ਮਿਲਦੀ ਹੈ ਉਹਨਾਂ ਵਿਚਕਾਰ ਇਸ ਬਾਰੇ ਦੀ ਗੱਲਬਾਤ, ਜੋ ਘਰੇਲੂ ਕਿਰਤ ਅਤੇ ਇਸ ਪ੍ਰਤੀ ਉਨ੍ਹਾਂ ਦੀ ਉਦਾਸੀਨਤਾ ਨੂੰ ਦਰਸਾਉਂਦੀ ਹੈ। ਇੱਕ ਆਦਮੀ ਖਾਣਾ ਬਣਾਉਂਦੇ ਸਮੇਂ ਦੂਜੇ ਨੂੰ ਕਹਿੰਦਾ ਹੈ, "ਵੀਰੇ, ਮੈਂ ਕਈ ਵਾਰ ਕੁਵੇਲੇ ਵੀ ਘਰ ਜਾਂਦਾ ਅਤੇ ਆਪਣੀ ਸੁੱਤੀ ਹੋਈ ਪਤਨੀ ਨੂੰ ਜਗਾ ਕੇ ਮੰਗ ਕਰਦਾ ਕਿ ਉਹ ਪੰਜ ਲੋਕਾਂ ਲਈ ਖਾਣਾ ਪਕਾਵੇ। ਪਹਿਲਾਂ ਇਹ ਕੰਮ ਮੁਸ਼ਕਲ ਨਹੀਂ ਜਾਪਦਾ ਸੀ। ਪਰ ਹੁਣ ਜਦੋਂ ਆਪ ਰੋਟੀਆਂ ਪਕਾਉਣੀਆਂ ਪਈਆਂ ਤਾਂ ਪਤਾ ਲੱਗਿਆ ਕਿ ਪੰਜ ਲੋਕਾਂ ਲਈ ਰੋਟੀ ਪਕਾਉਣ ਦਾ ਕੀ ਮਤਲਬ ਹੈ।" ਇਹੋ ਜਿਹੀਆਂ ਗੱਲਾਂ ਫੋਟੋ ਲਈ ਕੀਤੇ ਗਏ ਦਿਖਾਵੇ ਤੋਂ ਬਹੁਤ ਪਰੇ ਹਨ।

ਜਦੋਂ ਭਾਰਤ ਦੇ ਚੀਫ਼ ਜਸਟਿਸ ਨੇ ਸੰਘਰਸ਼ ਵਿੱਚ ਬੈਠੀਆਂ ਔਰਤਾਂ ਨੂੰ ਉੱਥੇ "ਰੱਖੇ" ਜਾਣ ਦੀ ਟਿੱਪਣੀ ਕੀਤੀ, ਤਾਂ ਇਹ ਸਿਰਫ ਪੁਰਸ਼ਵਾਦ ਮਾਨਸਿਕਤਾ ਦੀ ਇਕ ਝਲਕ ਸੀ ਜੋ ਸਾਡੇ ਦੇਸ਼ ਦੇ ਪਿੱਛੜੇ ਇਲਾਕਿਆਂ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਬਰਾਬਰ ਨਜ਼ਰੀਂ ਪੈਂਦੀ ਹੈ। ਵੱਖੋ ਵੱਖਰੇ ਮੋਰਚਿਆਂ 'ਤੇ ਰਹਿਣ ਲਈ ਕੀਤੇ ਅਸਥਾਈ ਬੰਦੋਬਸਤ ਅਜਿਹੀ ਕਹਾਣੀ ਦੱਸਦੇ ਹਨ ਜਿਸ ਨੂੰ ਪਿੱਤਰਸੱਤਾ ਸੁਣਨ ਅਤੇ ਵੇਖਣ ਤੋਂ ਵੀ ਡਰਦੀ ਹੈ। ਇਹਨਾਂ ਮੋਰਚਿਆਂ 'ਤੇ ਔਰਤਾਂ ਦੀ ਮੌਜੂਦਗੀ - ਲੀਡਰਸ਼ਿਪ, ਲੌਜਿਸਟਿਕਸ, ਲਾਮਬੰਦੀ ਕਰਨ, ਲੋਕਾਂ ਦੇ ਗੀਤ ਗਾਉਣ ਅਤੇ ਨਾਰੇ ਲਗਾਉਣ, ਮੀਡੀਆ ਨੂੰ ਸੰਬੋਧਨ ਕਰਨ, ਲਾਇਬ੍ਰੇਰੀਆਂ ਅਤੇ ਸਕੂਲ ਚਲਾਉਣ, ਅਖਬਾਰ ਕੱਢਣ ਅਤੇ ਹੋਰ ਕੰਮਾਂ ਵਿੱਚ ਬਹੁਤ ਹੀ ਸਹਿਜ ਹੈ। ਔਰਤਾਂ ਇੱਥੇ ਅਪਵਾਦ ਹੋਣ ਤੋਂ ਇਨਕਾਰੀ ਹਨ। ਇਹੀ ਕਹਾਣੀ ਹੈ ਜੋ ਸਥਾਪਿਤ ਸਮਾਜਿਕ ਢਾਂਚੇ ਦੀਆਂ ਜੜ੍ਹਾਂ ਹਿਲਾ ਦਿੰਦੀ ਹੈ। ਅਜਿਹੀ ਹੀ ਇਕ ਕਹਾਣੀ ਅਕਬਰੀ ਦੀ ਹੈ, ਜੋ ਕਿਸਾਨ ਅੰਦੋਲਨ ਦੇ ਸਮਰਥਨ ਵਿਚ ਬਠਿੰਡਾ, ਪੰਜਾਬ ਤੋਂ 11 ਦਿਨ ਪੈਦਲ ਤੁਰ ਕੇ ਦਿੱਲੀ ਟਿਕਰੀ ਮੋਰਚੇ ਵਿੱਚ ਪੁੱਜੀ। ਹਾਲਾਂਕਿ ਅਕਬਰੀ ਬੇਜ਼ਮੀਨੇ ਪਰਿਵਾਰ ਵਿੱਚੋਂ ਹੈ ਪਰ ਉਸਨੇ ਕਿਹਾ ਕਿ ਜਦੋਂ ਜ਼ਮੀਨ ਹੀ ਕਾਰਪੋਰੇਟਾਂ ਦੁਆਰਾ ਹਥਿਆ ਲਈ ਜਾਵੇਗੀ, ਤਾਂ ਉਨ੍ਹਾਂ ਦਾ ਜ਼ਮੀਨ ਦੇ ਮਾਲਕ ਬਣਨ ਦਾ ਸੁਪਨਾ ਵੀ ਖੁੱਸ ਜਾਵੇਗਾ। ਅਕਬਰੀ ਉਨ੍ਹਾਂ ਭਾਵਨਾਵਾਂ ਨੂੰ ਦਰਸਾਉਂਦੀ ਹੈ ਜੋ ਬਹੁਤੇ ਲੋਕਾਂ ਲਈ ਬੁਝਾਰਤ ਹਨ। ਭਾਵੇਂ ਇਹ ਗੱਲ ਬਹੁਤ ਕਠੋਰ ਜਾਪਦੀ ਹੋਵੇ ਪਰ ਬੇਜ਼ਮੀਨੇ ਲੋਕ ਮੌਜੂਦਾ ਸਥਿਤੀ ਨੂੰ ਕਾਰਪੋਰੇਟ ਟੇਕਓਵਰ ਨਾਲੋਂ ਬਿਹਤਰ ਸਮਝਦੇ ਹਨ। ਅਜਿਹੀਆਂ ਹੀ ਬਹੁਤ ਸਾਰੀਆਂ ਹੋਰ ਭਾਵਨਾਵਾਂ ਤੇ ਚਿੰਤਾਵਾਂ ਹਨ ਜੋ ਇੰਨੀ ਵੱਡੀ ਲਾਮਬੰਦੀ ਦਾ ਕਾਰਨ ਬਣੀਆਂ ਹਨ।

ਨੌਦੀਪ ਕੌਰ, ਮਜ਼ਦੂਰ ਕਿਸਾਨ ਸੰਗਠਨ ਦੀ ਇੱਕ ਮਜ਼ਦੂਰ ਕਾਰਕੁਨ, ਨੂੰ ਜਦੋਂ ਜਨਵਰੀ, 2021 ਵਿੱਚ ਗ੍ਰਿਫਤਾਰ ਕੀਤਾ ਗਿਆ ਉਦੋਂ ਉਹ ਸਿੰਘੂ ਮੋਰਚੇ ਦੇ ਨੇੜੇ ਮਜ਼ਦੂਰਾਂ ਦੀਆਂ ਉਜਰਤਾਂ ਲਈ ਵਿਰੋਧ ਪ੍ਰਦਰਸ਼ਨ ਕਰ ਰਹੀ ਸੀ ਅਤੇ ਉਹ ਅੱਜ ਵੀ ਹਿਰਾਸਤ ਵਿੱਚ ਰਾਜਸੀ ਹਿੰਸਾ ਦਾ ਸਾਹਮਣਾ ਕਰ ਰਹੀ ਹੈ। ਅਜਿਹੇ ਅੰਦੋਲਨ ਨੌਦੀਪ ਵਰਗੇ ਸੰਘਰਸ਼ਸ਼ੀਲ ਲੋਕਾਂ ਨੂੰ ਮਾਨਤਾ ਦੇਣ ਲਈ ਵੀ ਬਹੁਤ ਮਹੱਤਵਪੂਰਣ ਹਨ, ਜੋ ਉਦੋਂ ਵੀ ਸੰਘਰਸ਼ ਕਰ ਰਹੇ ਹੁੰਦੇ ਹਨ ਜਦੋਂ ਕੋਈ ਮੀਡੀਆ ਜਾਂ ਆਮ ਲੋਕ ਉਨ੍ਹਾਂ ਨੂੰ ਦੇਖ ਜਾਂ ਸਮਰਥਨ

ਨਹੀਂ ਕਰ ਰਹੇ ਹੁੰਦੇ, ਬਸ ਰਾਜਸੀ ਤੰਤਰ ਉਨ੍ਹਾਂ ਨੂੰ ਘੇਰਨ ਦੀ ਤਾਕ ਵਿੱਚ ਹੁੰਦਾ ਹੈ; ਉਹ ਉਦੋਂ ਵੀ ਚੁੱਪ ਚਾਪ ਲੋਕਾਂ ਦੇ ਹੱਕਾਂ ਲਈ ਲੜਦੇ ਨੇ। ਇਹਨਾਂ ਸੰਘਰਸ਼ਾਂ ਨੂੰ ਪਛਾਣਨਾ ਸਾਡੀ ਚੇਤਨਾ ਦਾ ਹਿੱਸਾ ਬਣਨਾ ਚਾਹੀਦਾ ਹੈ, ਜੋ ਅੱਗੇ ਚੱਲ ਕੇ ਵੱਡੀਆਂ ਲਹਿਰਾਂ ਦਾ ਰੂਪ ਧਾਰਨ ਕਰ ਲੈਂਦੇ ਹਨ।

ਇਸ ਤੋਂ ਇਲਾਵਾ ਮੈਂ ਪਹਿਲੇ ਦਿਨ ਤੋਂ ਇਸ ਸੰਘਰਸ਼ ਦਾ ਹਿੱਸਾ ਹਾਂ ਅਤੇ ਅਸੀਂ ਕੁਝ ਨੌਜਵਾਨਾਂ ਨੇ ਮਿਲ ਕੇ 'ਟਰਾਲੀ ਟਾਈਮਜ਼' ਨਾਮਕ ਇੱਕ ਨਿਊਜ਼ਲੈਟਰ ਦੀ ਸ਼ੁਰੂਆਤ ਕੀਤੀ ਹੈ ਜੋ ਅੱਜ ਵਿਸ਼ਵ ਭਰ ਵਿੱਚ ਇਸ ਅੰਦੋਲਨ ਬਾਰੇ ਜ਼ਮੀਨੀ ਰਿਪੋਰਟਿੰਗ ਅਤੇ ਅਪਡੇਟ ਦੇਣ ਵਾਲੇ ਸਭ ਤੋਂ ਭਰੋਸੇਮੰਦ ਸਰੋਤ ਵਜੋਂ ਸਥਾਪਤ ਹੋਇਆ ਹੈ। ਸਾਡੀ ਸੰਪਾਦਕੀ ਟੀਮ ਨੇ ਹਮੇਸ਼ਾਂ ਇਹ ਸੁਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਪ੍ਰਦਰਸ਼ਨਕਾਰੀਆਂ ਦੀ ਅੰਤਰਸੰਗਤਾ ਸਾਡੀ ਕਵਰੇਜ/ਰਿਪੋਰਟਿੰਗ ਵਿੱਚ ਝਲਕੇ ਭਾਵੇਂ ਉਹ ਲਿੰਗ ਹੋਵੇ ਜਾਂ ਜਾਤੀ, ਵਰਗ ਤੇ ਇਲਾਕਾ। ਇਕ ਤਰ੍ਹਾਂ ਨਾਲ ਔਰਤਾਂ ਕਿਸੇ ਪਲੇਟਫਾਰਮ ਦੀ ਉਡੀਕ ਨਹੀਂ ਕਰ ਰਹੀਆਂ ਸਗੋਂ ਆਪਣਾ ਪਲੇਟਫਾਰਮ ਆਪ ਹੀ ਤਿਆਰ ਕਰ ਰਹੀਆਂ ਹਨ, ਜੋ ਕਿ ਕੇਵਲ ਉਨ੍ਹਾਂ ਲਈ ਨਾ ਹੋਕੇ ਸਾਰੀ ਲਹਿਰ ਲਈ ਹੋਵੇ। ਉਹ ਇਸ ਸੰਘਰਸ਼ ਤੋਂ ਵੱਖ ਨਹੀਂ ਹਨ, ਬਲਕਿ ਉਹ ਆਪਣੇ ਆਪ ਵਿੱਚ ਇੱਕ ਸੰਘਰਸ਼ ਹਨ।

ਇਹ ਅੰਦੋਲਨ ਸਾਨੂੰ ਕਿਸਾਨ ਔਰਤਾਂ ਨੂੰ ਮਾਨਤਾ ਦੇਣ ਦਾ ਇੱਕ ਇਤਿਹਾਸਕ ਮੌਕਾ ਦੇ ਰਿਹਾ ਹੈ ਜਿਸਦੀ ਮੰਗ ਕਾਫੀ ਲੰਬੇ ਸਮੇਂ ਤੋਂ ਹੈ ਅਤੇ ਜੇ ਇਸ ਤਰਾਂ ਦੀ ਇੱਕ ਲਹਿਰ ਇਹ ਕੰਮ ਸਫਲਤਾਪੂਰਵਕ ਕਰ ਦਿੰਦੀ ਹੈ, ਤਾਂ ਇਸਨੂੰ ਹੋਰ ਖੇਤਰਾਂ ਵਿੱਚ ਵੀ ਵਰਤਿਆ ਜਾ ਸਕਦਾ ਹੈ। ਨਾਲ ਹੀ, ਇਹ ਅੰਦੋਲਨ ਕੰਮ ਦੀ ਬਰਾਬਰ ਵੰਡ, ਬਰਾਬਰ ਤਨਖਾਹ ਅਤੇ ਜ਼ਮੀਨੀ ਅਧਿਕਾਰਾਂ ਦੇ ਨਾਲ ਨਾਲ ਬਣਦੇ ਹੱਕਾਂ ਅਤੇ ਘਰੇਲੂ ਅਤੇ ਕਿਸਾਨੀ ਦੇ ਕਿੱਤੇ ਵਿੱਚ ਲੈਂਗਿਕ ਭੇਦਭਾਵ ਦੀ ਗੱਲ ਵੀ ਕਰਦਾ ਹੈ। ਜੇ ਇਹ ਅੰਦੋਲਨ ਇਨ੍ਹਾਂ ਗੱਲਾਂ ਦੀ ਇਮਾਨਦਾਰੀ ਨਾਲ ਮੰਗ ਕਰਦਾ ਹੈ, ਤਾਂ ਹਾਂ ਇਹ ਇੱਕ ਕ੍ਰਾਂਤੀ ਦੀ ਸ਼ੁਰੂਆਤ ਹੈ!

ਬਾਇਓ-ਨੋਟ:

ਨਵਕਿਰਨ ਨੱਤ ਇੱਕ ਵਿਦਿਆਰਥੀ-ਯੁਵਾ ਕਾਰਕੁਨ ਅਤੇ ਖੋਜਕਰਤਾ ਹੈ ਜਿਸਦਾ ਕਾਰਜ ਖੇਤਰ ਪੰਜਾਬ ਅਤੇ ਦਿੱਲੀ ਹੈ। ਉਹ ਪੇਸ਼ੇ ਵਜੋਂ ਦੰਦਾਂ ਦੀ ਡਾਕਟਰ ਹੈ ਅਤੇ ਬਾਅਦ ਵਿੱਚ ਉਸਨੇ ਅੰਬੇਦਕਰ ਯੂਨੀਵਰਸਿਟੀ, ਦਿੱਲੀ ਤੋਂ ਫਿਲਮ ਸਟੱਡੀਜ਼ ਵਿੱਚ ਐਮ.ਏ. ਦੀ ਡਿਗਰੀ ਹਾਸਿਲ ਕੀਤੀ। ਉਹ ਅੰਤਰਰਾਸ਼ਟਰੀ ਪੰਜਾਬੀ ਪਰਵਾਸ ਅਤੇ ਪੰਜਾਬੀ ਪੋਪੂਲਰ ਕਲਚਰ ਵਿੱਚ ਇਸ ਦੇ ਪ੍ਰਤੀਬਿੰਬਾਂ ਤੇ ਕੰਮ ਕਰਦੀ ਹੈ। ਉਸਨੇ ਹਾਲ ਹੀ ਵਿੱਚ ਪੰਜਾਬ ਵਿੱਚ ਹਰੀ ਕ੍ਰਾਂਤੀ ਦੇ ਸਿਹਤ ਪ੍ਰਭਾਵਾਂ ਉੱਤੇ ਪੋਡਕਾਸਟ ਲੜੀ ਵੀ ਕੀਤੀ ਹੈ।

Translation by:
Suchetna Singh and Navkiran Natt